ਮਿੱਠੇ ਬੱਚੇ:- "ਮਿੱਠੇ ਬੱਚੇਇਹ ਬ੍ਰਹਮਾ ਹੈ ਸਤਿਗੁਰੂ ਦੀ ਦਰਬਾਰ, ਇਸ ਭ੍ਰਿਕੁਟੀ ਵਿੱਚ ਸਤਿਗੁਰੂ ਵਿਰਾਜਮਾਨ ਹੈ, ਉਹ ਹੀ ਤੁਸੀਂ ਬੱਚਿਆਂ ਦੀ ਸਦਗਤੀ ਕਰਦੇ ਹਨ"

ਪ੍ਰਸ਼ਨ:- ਬਾਪ ਆਪਣੇ ਬੱਚਿਆਂ ਨੂੰ ਕਿਸ ਗੁਲਾਮੀ ਤੋਂ ਛੁੱਡਾਉਣ ਆਏ ਹਨ?

ਉੱਤਰ:- ਇਸ ਸਮੇਂ ਸਾਰੇ ਬੱਚੇ ਪ੍ਰਕ੍ਰਿਤੀ ਅਤੇ ਮਾਇਆ ਦੇ ਗੁਲਾਮ ਬਣ ਗਏ ਹਨ। ਬਾਪ ਹੁਣ ਇਸ ਗੁਲਾਮੀ ਤੋਂ ਛੁਡਾਉਂਦੇ ਹਨ। ਹੁਣ ਮਾਇਆ ਅਤੇ ਪ੍ਰਕ੍ਰਿਤੀ ਦੋਨੋ ਹੀ ਤੰਗ ਕਰਦੇ ਹਨ। ਕਦੀ ਤੂਫ਼ਾਨ, ਕਦੀ ਫੈਮਨ ਹਨ। ਫਿਰ ਤੁਸੀਂ ਇਵੇਂ ਮਾਲਿਕ ਬਣ ਜਾਂਦੇ ਹੋ ਜੋ ਸਾਰੀ ਪ੍ਰਕ੍ਰਿਤੀ ਤੁਹਾਡੀ ਗੁਲਾਮ ਰਹਿੰਦੀ ਹੈ। ਮਾਇਆ ਦਾ ਵਾਰ ਵੀ ਨਹੀਂ ਹੁੰਦਾ।

ਓਮ ਸ਼ਾਂਤੀ। ਮਿੱਠੇ - ਮਿੱਠੇ ਰੂਹਾਨੀ ਬੱਚੇ ਸਮਝਦੇ ਹਨ ਕਿ ਸੁਪਰੀਮ ਬਾਪ ਵੀ ਹੈ, ਸੁਪਰੀਮ ਸਿੱਖਿਅਕ ਵੀ ਹੈ। ਉਹ ਵਿਸ਼ਵ ਦੇ ਆਦਿ - ਮੱਧ - ਅੰਤ ਦਾ ਰਾਜ਼ ਸਮਝਾਉਂਦੇ ਹਨ ਫਿਰ ਸੁਪਰੀਮ ਗੁਰੂ ਵੀ ਹਨ। ਤਾਂ ਇਹ ਹੋ ਗਈ ਸਤਿਗੁਰੂ ਦੀ ਦਰਬਾਰ। ਦਰਬਾਰ ਹੁੰਦੀ ਹੈ ਨਾ। ਗੁਰੂ ਦੀ ਦਰਬਾਰ। ਉਹ ਹੈ ਸਿਰਫ ਗੁਰੂ ਦੀ, ਸਤਿਗੁਰੂ ਹੈ ਨਹੀਂ। ਸ਼੍ਰੀ ਸ਼੍ਰੀ 108 ਕਹਾਉਣਗੇ, ਸਤਿਗੁਰੂ ਲਿਖਿਆ ਹੋਇਆ ਨਹੀਂ ਹੋਵੇਗਾ। ਉਹ ਲੋਕ ਸਿਰਫ ਗੁਰੂ ਹੀ ਕਹਿੰਦੇ ਹਨ। ਇਹ ਹੈ ਸਤਿਗੁਰੂ। ਪਹਿਲੇ ਬਾਪ ਫਿਰ ਟੀਚਰ ਫਿਰ ਸਤਿਗੁਰੂ। ਸਤਿਗੁਰੂ ਹੀ ਸਦਗਤੀ ਦਿੰਦੇ ਹਨ। ਸਤਿਯੁਗ - ਤ੍ਰੇਤਾ ਵਿੱਚ ਤਾਂ ਫਿਰ ਗੁਰੂ ਹੁੰਦੇ ਨਹੀਂ ਕਿਓਂਕਿ ਸਭ ਸਦਗਤੀ ਵਿੱਚ ਹਨ। ਇੱਕ ਸਤਿਗੁਰੂ ਮਿਲਦਾ ਹੈ ਤਾਂ ਬਾਕੀ ਸਭ ਗੁਰੂਆਂ ਦਾ ਨਾਮ ਖਤਮ ਹੋ ਜਾਂਦਾ ਹੈ। ਸੁਪਰੀਮ ਹੋਇਆ ਸਭ ਗੁਰੂਆਂ ਦਾ ਗੁਰੂ । ਜਿਵੇਂ ਪਤੀਆਂ ਦਾ ਪਤੀ ਕਹਿੰਦੇ ਹਨ ਨਾ। ਸਭ ਤੋਂ ਉੱਚਾ ਹੋਣ ਦੇ ਕਾਰਣ ਇਵੇਂ ਕਹਿੰਦੇ ਹਨ। ਤੁਸੀਂ ਸੁਪਰੀਮ ਬਾਪ ਦੇ ਕੋਲ ਬੈਠੇ ਹੋ - ਕਿਸ ਲਈ? ਬੇਹੱਦ ਦਾ ਵਰਸਾ ਲੈਣ। ਇਹ ਹੈ ਬੇਹੱਦ ਦਾ ਵਰਸਾ। ਬਾਪ ਵੀ ਹੈ ਤਾਂ ਸਿੱਖਿਅਕ ਵੀ ਹੈ। ਅਤੇ ਇਹ ਵਰਸਾ ਹੈ ਨਵੀ ਦੁਨੀਆਂ ਅਮਰਲੋਕ ਦੇ ਲਈ, ਵਾਈਸਲੈਸ ਵਰਲਡ ਦੇ ਲਈ। ਵਾਈਸਲੈਸ ਵਰਲਡ ਨਵੀਂ ਦੁਨੀਆਂ ਨੂੰ, ਵਿਸ਼ਸ਼ ਵਰਲਡ ਪੁਰਾਣੀ ਦੁਨੀਆਂ ਨੂੰ ਕਿਹਾ ਜਾਂਦਾ ਹੈ। ਸਤਿਯੁਗ ਨੂੰ ਸ਼ਿਵਾਲਾ ਕਿਹਾ ਜਾਂਦਾ ਹੈ ਕਿਉਂਕਿ ਸ਼ਿਵਬਾਬਾ ਦਾ ਸਥਾਪਨ ਕੀਤਾ ਹੋਇਆ ਹੈ। ਵਿਸ਼ਸ਼ ਵਰਲਡ ਰਾਵਣ ਦੀ ਸਥਾਪਨਾ ਹੈ। ਹੁਣ ਤੁਸੀਂ ਬੈਠੇ ਹੋ ਸਤਿਗੁਰੂ ਦੀ ਦਰਬਾਰ ਵਿੱਚ। ਇਹ ਸਿਰਫ ਤੁਸੀਂ ਬੱਚੇ ਹੀ ਜਾਣਦੇ ਹੋ। ਬਾਪ ਹੀ ਸ਼ਾਂਤੀ ਦਾ ਸਾਗਰ ਹੈ। ਉਹ ਬਾਪ ਜਦ ਆਏ ਤੱਦ ਤਾਂ ਸ਼ਾਂਤੀ ਦਾ ਵਰਸਾ ਦੇ, ਰਸਤਾ ਦੱਸਣ। ਬਾਕੀ ਜੰਗਲ ਵਿੱਚ ਸ਼ਾਂਤੀ ਕਿੱਥੇ ਮਿਲੇਗੀ ਇਸਲਈ ਹਾਰ ਦਾ ਮਿਸਾਲ ਦਿੰਦੇ ਹਨ। ਸ਼ਾਂਤੀ ਤਾਂ ਆਤਮਾ ਦੇ ਗਲੇ ਦਾ ਹਾਰ ਹੈ। ਫਿਰ ਜਦੋਂ ਰਾਵਣ ਰਾਜ ਹੁੰਦਾ ਹੈ ਤੱਦ ਅਸ਼ਾਂਤੀ ਹੁੰਦੀ ਹੈ। ਉਨ੍ਹਾਂ ਨੂੰ ਤਾਂ ਕਿਹਾ ਜਾਂਦਾ ਹੈ ਸੁੱਖਧਾਮ - ਸ਼ਾਂਤੀਧਾਮ। ਉੱਥੇ ਦੁੱਖ ਦੀ ਕੋਈ ਗੱਲ ਨਹੀਂ। ਮਹਿਮਾ ਵੀ ਸਦੈਵ ਸਤਿਗੁਰੂ ਦੀ ਕਰਦੇ ਹਨ। ਗੁਰੂ ਦੀ ਮਹਿਮਾ ਕਦੀ ਸੁਣੀ ਨਹੀਂ ਹੋਵੇਗੀ। ਗਿਆਨ ਦਾ ਸਾਗਰ, ਉਹ ਇੱਕ ਹੀ ਬਾਪ ਹੈ। ਇਵੇਂ ਕਦੀ ਗੁਰੂ ਦੀ ਮਹਿਮਾ ਸੁਣੀ ਹੈ? ਨਹੀਂ। ਉਹ ਗੁਰੂ ਲੋਕ ਜਗਤ ਦੇ ਪਤਿਤ - ਪਾਵਨ ਹੋ ਨਹੀਂ ਸਕਦੇ। ਉਹ ਤਾਂ ਇੱਕ ਹੀ ਨਿਰਾਕਾਰ ਬੇਹੱਦ ਦੇ ਵੱਡੇ ਬਾਬਾ ਨੂੰ ਕਿਹਾ ਜਾਂਦਾ ਹੈ।

ਤੁਸੀਂ ਹੁਣ ਸੰਗਮਯੁਗ ਤੇ ਖੜੇ ਹੋ। ਇੱਕ ਤਰਫ ਹੈ ਪਤਿਤ ਪੁਰਾਣੀ ਦੁਨੀਆਂ, ਦੂਜੀ ਤਰਫ ਹੈ ਪਾਵਨ ਨਵੀਂ ਦੁਨੀਆਂ। ਪਤਿਤ ਦੁਨੀਆਂ ਵਿੱਚ ਗੁਰੂ ਤਾਂ ਢੇਰ ਹਨ। ਅੱਗੇ ਤੁਹਾਨੂੰ ਇਸ ਸੰਗਮਯੁਗ ਦਾ ਪਤਾ ਨਹੀਂ ਸੀ। ਹੁਣ ਬਾਪ ਨੇ ਸਮਝਾਇਆ ਹੈ - ਇਹ ਹੈ ਪੁਰਸ਼ੋਤਮ ਸੰਗਮਯੁਗ। ਇਸ ਦੇ ਬਾਦ ਫਿਰ ਸਤਿਯੁਗ ਆਉਣਾ ਹੈ, ਚੱਕਰ ਫਿਰਦਾ ਰਹਿੰਦਾ ਹੈ। ਇਹ ਬੁੱਧੀ ਵਿੱਚ ਯਾਦ ਰਹਿਣਾ ਚਾਹੀਦਾ ਹੈ। ਅਸੀਂ ਸਾਰੇ ਭਰਾ - ਭਰਾ ਹਾਂ, ਤਾਂ ਬੇਹੱਦ ਦੇ ਬਾਪ ਦਾ ਵਰਸਾ ਜਰੂਰ ਮਿਲਦਾ ਹੈ। ਇਹ ਕੋਈ ਨੂੰ ਪਤਾ ਨਹੀਂ। ਕਿੰਨੇ ਵੱਡੇ - ਵੱਡੇ ਪੁਜ਼ੀਸ਼ਨ ਵਾਲੇ ਮਨੁੱਖ ਹਨ ਪਰ ਜਾਣਦੇ ਕੁਝ ਨਹੀਂ। ਬਾਪ ਕਹਿੰਦੇ ਹਨ ਮੈਂ ਤਾਂ ਤੁਹਾਡੀ ਸਾਰਿਆਂ ਦੀ ਸਦਗਤੀ ਕਰਦਾ ਹਾਂ। ਹੁਣ ਤੁਸੀਂ ਸੈਂਸੀਬਲ ਬਣੇ ਹੋ। ਪਹਿਲੇ ਤਾਂ ਕੁਝ ਵੀ ਪਤਾ ਨਹੀਂ ਸੀ। ਇਨ੍ਹਾਂ ਦੇਵਤਾਵਾਂ ਦੇ ਅੱਗੇ ਜਾਕੇ ਤੁਸੀਂ ਕਹਿੰਦੇ ਸੀ - ਅਸੀਂ ਸੈਂਸਲੈਸ ਹਾਂ। ਸਾਡੇ ਵਿੱਚ ਕੋਈ ਗੁਣ ਨਹੀਂ ਹੈ, ਆਪ ਤਰਸ ਕਰੋ। ਹੁਣ ਇਹ ਦੇਵਤਾਵਾਂ ਦੇ ਚਿੱਤਰ ਤਰਸ ਕਰਣਗੇ ਕੀ? ਇਹ ਜਾਣਦੇ ਹੀ ਨਹੀਂ। ਰਹਿਮਦਿਲ ਕੌਣ ਹੈ? ਕਹਿੰਦੇ ਵੀ ਹਨ ਓ ਗੌਡ ਫਾਦਰ, ਰਹਿਮ ਕਰੋ। ਕੋਈ ਵੀ ਦੁੱਖ ਦੀ ਗੱਲ ਆਉਂਦੀ ਹੈ ਤਾਂ ਬਾਪ ਨੂੰ ਜਰੂਰ ਯਾਦ ਕਰਦੇ ਹਨ। ਹੁਣ ਤੁਸੀਂ ਇਵੇਂ ਨਹੀਂ ਕਹੋਗੇ। ਬਾਪ ਤਾਂ ਵਿਚਿੱਤਰ ਹੈ। ਉਹ ਸਾਹਮਣੇ ਬੈਠੇ ਹਨ, ਤਾਂ ਤੇ ਨਮਸਤੇ ਕਰਦੇ ਹਨ। ਤੁਸੀਂ ਸਭ ਹੋ ਚਿੱਤਰਧਾਰੀ। ਮੈ ਹਾਂ ਵਿਚਿੱਤ੍ਰ। ਮੈ ਕਦੀ ਚਿੱਤਰ ਧਾਰਨ ਨਹੀਂ ਕਰਦਾ। ਮੇਰੇ ਚਿੱਤਰ ਦਾ ਕੋਈ ਨਾਮ ਦੱਸੋ। ਬਸ ਸ਼ਿਵਬਾਬਾ ਹੀ ਕਹਿਣਗੇ। ਮੈਂ ਇਹ ਲੋਂਨ ਲੀਤਾ ਹੈ। ਤਾਂ ਵੀ ਪੁਰਾਣੀ ਤੋਂ ਪੁਰਾਣੀ ਜੁਤੀ। ਉਸ ਵਿੱਚ ਹੀ ਮੈਂ ਆਕੇ ਪ੍ਰਵੇਸ਼ ਕਰਦਾ ਹਾਂ। ਇਸ ਸ਼ਰੀਰ ਦੀ ਮਹਿਮਾ ਕਿੱਥੇ ਕਰਦੇ ਹਨ। ਇਹ ਤਾਂ ਪੁਰਾਣਾ ਸ਼ਰੀਰ ਹੈ। ਅਡੋਪਟ ਕਿੱਤਾ ਹੈ ਤਾਂ ਮਹਿਮਾ ਕਰਦੇ ਹਨ ਕੀ? ਨਹੀਂ। ਇਹ ਤਾਂ ਸਮਝਾਉਂਦੇ ਹਨ - ਇਵੇਂ ਸੀ, ਹੁਣ ਫਿਰ ਮੇਰੇ ਦੁਆਰਾ ਗੋਰਾ ਬਣ ਜਾਵੇਗਾ। ਹੁਣ ਬਾਪ ਕਹਿੰਦੇ ਹਨ ਮੈ ਜੋ ਸੁਣਾਉਂਦਾ ਹਾ, ਉਸ ਤੇ ਜੱਜ ਕਰੋ, ਜੇਕਰ ਮੈਂ ਰਾਈਟ ਹਾਂ, ਤਾਂ ਰਾਈਟ ਨੂੰ ਯਾਦ ਕਰੋ। ਉਨ੍ਹਾਂ ਦੀ ਸੁਣੋ, ਅਨਰਾਈਟਿਯਸ ਸੁਣੋ ਹੀ ਨਾ। ਉਨ੍ਹਾਂ ਨੂੰ ਇਵਿਲ ਕਿਹਾ ਜਾਂਦਾ ਹੈ। ਟਾਕ ਨੋ ਇਵਿਲ, ਸੀ ਨੋ ਇਵਿਲ...ਇਨ੍ਹਾਂ ਅੱਖਾਂ ਤੋਂ ਜੋ ਕੁਝ ਵੇਖਦੇ ਹੋ ਇਨ੍ਹਾਂ ਨੂੰ ਭੁੱਲ ਜਾਓ। ਹੁਣ ਤਾਂ ਜਾਣਾ ਹੈ ਆਪਣੇ ਘਰ, ਫਿਰ ਵਾਪਿਸ ਆਪਣੇ ਸੁੱਖਧਾਮ ਵਿੱਚ ਆਵਾਂਗੇ। ਬਾਕੀ ਤਾਂ ਇਹ ਸਭ ਜਿਵੇਂ ਕਿ ਮਰੇ ਪਏ ਹਨ, ਟੈਂਪਰੇਰੀ ਹੈ। ਨਾ ਇਹ ਪੁਰਾਣੇ ਸ਼ਰੀਰ ਹੋਣਗੇ, ਨਾ ਇਹ ਦੁਨੀਆਂ ਹੋਵੇਗੀ। ਅਸੀਂ ਪੁਰਸ਼ਾਰਥ ਕਰ ਰਹੇ ਹਾਂ ਨਵੀ ਦੁਨੀਆਂ ਦੇ ਲਈ। ਫਿਰ ਵਰਲਡ ਦੀ ਹਿਸਟਰੀ - ਜੋਗ੍ਰਾਫੀ ਰਿਪੀਟ ਹੁੰਦੀ

ਹੈ। ਤੁਸੀਂ ਆਪਣਾ ਰਾਜ - ਭਾਗ ਲੈ ਰਹੇ ਹੋ। ਜਾਣਦੇ ਹੋ ਕਲਪ - ਕਲਪ ਬਾਪ ਆਉਂਦੇ ਹਨ, ਰਾਜ ਭਾਗ ਦੇਣ। ਤੁਸੀਂ ਵੀ ਕਹਿੰਦੇ ਹੋ ਬਾਬਾ ਕਲਪ ਪਹਿਲੇ ਵੀ ਮਿਲੇ ਸੀ, ਵਰਸਾ ਲੀਤਾ ਸੀ, ਨਰ ਤੋਂ ਨਾਰਾਇਣ ਬਣੇ ਸੀ। ਬਾਕੀ ਸਭ ਇੱਕੋ ਜਿਹਾ ਮਰਤਬਾ ਤਾਂ ਪਾ ਨਹੀਂ ਸਕਦੇ ਹਨ। ਨੰਬਰਵਾਰ ਤਾਂ ਹੁੰਦੇ ਹਨ। ਇਹ ਹੈ ਸਪ੍ਰਿਚੂਅਲ ਯੂਨਵਰਸਿਟੀ। ਸਪ੍ਰਿਚੂਅਲ ਫਾਦਰ ਪੜ੍ਹਾਉਣ ਵਾਲਾ ਹੈ, ਬੱਚੇ ਵੀ ਪੜ੍ਹਾਉਂਦੇ ਹਨ। ਕੋਈ ਪ੍ਰਿੰਸੀਪਲ ਦਾ ਬੱਚਾ ਹੁੰਦਾ ਹੈ ਤਾਂ ਉਹ ਵੀ ਸਰਵਿਸ ਵਿੱਚ ਲੱਗ ਜਾਂਦਾ ਹੈ। ਇਸਤਰੀ ਵੀ ਪੜ੍ਹਾਉਣ ਲੱਗ ਜਾਂਦੀ ਹੈ। ਬੱਚੀ ਵੀ ਚੰਗੀ ਰੀਤੀ ਪੜ੍ਹੇ ਤਾਂ ਪੜ੍ਹਾ ਸਕਦੀ ਹੈ। ਪਰ ਉਹ ਦੂਜੇ ਘਰ ਵਿੱਚ ਚਲੀ ਜਾਂਦੀ ਹੈ। ਇੱਥੇ ਤਾਂ ਕ਼ਾਇਦਾ ਨਹੀਂ ਹੈ ਬੱਚੀਆਂ ਤੋਂ ਨੌਕਰੀ ਕਰਾਉਣ ਦਾ। ਨਵੀਂ ਦੁਨੀਆਂ ਵਿੱਚ ਪਦ ਪਾਉਣ ਦਾ ਸਾਰਾ ਮਦਾਰ ਹੈ ਇਸ ਪੜ੍ਹਾਈ ਤੇ। ਇਨ੍ਹਾਂ ਗੱਲਾਂ ਨੂੰ ਦੁਨੀਆਂ ਨਹੀਂ ਜਾਣਦੀ। ਲਿਖਿਆ ਹੋਇਆ ਹੈ - ਭਗਵਾਨੁਵਾਚ, ਹੇ ਬੱਚਿਓ, ਮੈਂ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਕੋਈ ਮਾਡਲ ਥੋੜ੍ਹੀ ਬਣਾਉਂਦਾ ਹਾਂ। ਜਿਵੇਂ ਦੇਵੀਆਂ ਦੇ ਚਿੱਤਰ ਬਣਾਉਂਦੇ ਹਨ। ਤੁਸੀਂ ਤਾਂ ਪੜ੍ਹ ਕੇ ਉਹ ਪਦ ਪਾਉਂਦੇ ਹੋ। ਉਹ ਤਾਂ ਮਿੱਟੀ ਦੇ ਚਿੱਤਰ ਬਣਾਉਂਦੇ ਹਨ ਪੂਜਾ ਦੇ ਲਈ। ਇੱਥੇ ਤਾਂ ਆਤਮਾ ਪੜ੍ਹਦੀ ਹੈ। ਫਿਰ ਤੁਸੀਂ ਸੰਸਕਾਰ ਲੈ ਜਾਵੋਗੇ, ਜਾਕੇ ਨਵੀਂ ਦੁਨੀਆਂ ਵਿੱਚ ਸ਼ਰੀਰ ਲਵੋਗੇ। ਦੁਨੀਆਂ ਖਤਮ ਨਹੀਂ ਹੁੰਦੀ ਹੈ। ਸਿਰਫ ਏਜ ਬਦਲਦੀ ਹੈ - ਗੋਲਡਨ ਏਜ, ਸਿਲਵਰ ਏਜ, ਕਾਪਰ ਏਜ, ਆਇਰਨ ਏਜ। 16 ਕਲਾ ਤੋਂ 14 ਕਲਾ। ਦੁਨੀਆਂ ਤਾਂ ਉਹ ਹੀ ਚਲਦੀ ਰਹਿੰਦੀ ਹੈ, ਨਵੀਂ ਤੋਂ ਪੁਰਾਣੀ ਹੁੰਦੀ ਹੈ। ਬਾਪ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦੇ ਹਨ ਇਸ ਪੜ੍ਹਾਈ ਨਾਲ। ਹੋਰ ਕਿਸੇ ਦੀ ਤਾਕਤ ਨਹੀਂ ਜੋ ਇਵੇਂ ਪੜ੍ਹਾ ਸਕੇ। ਕਿੰਨਾ ਚੰਗੀ ਰੀਤੀ ਸਮਝਾਉਂਦੇ ਹਨ। ਫਿਰ ਪੜ੍ਹਦੇ - ਪੜ੍ਹਦੇ ਮਾਇਆ ਆਪਣਾ ਬਣਾ ਲੈਂਦੀ ਹੈ। ਫਿਰ ਵੀ ਜਿੰਨਾ - ਜਿੰਨਾ ਜੋ ਪੜ੍ਹਿਆ ਹੈ ਉਸ ਅਨੁਸਾਰ ਉਹ ਸ੍ਵਰਗ ਵਿੱਚ ਜਰੂਰ ਆਉਣਗੇ। ਕਮਾਈ ਜਾਏਗੀ ਨਹੀਂ। ਅਵਿਨਾਸ਼ੀ ਗਿਆਨ ਦਾ ਵਿਨਾਸ਼ ਨਹੀਂ ਹੋ ਸਕਦਾ। ਅੱਗੇ ਚੱਲ ਆਉਣਗੇ, ਜਾਣਗੇ ਕਿੱਥੇ। ਇੱਕ ਹੀ ਹੱਟੀ ਹੈ ਨਾ। ਆਉਂਦੇ ਰਹਿਣਗੇ। ਸ਼ਮਸ਼ਾਨ ਵਿੱਚ ਜਦੋਂ ਮਨੁੱਖ ਜਾਂਦੇ ਹਨ ਤਾਂ ਫਿਰ ਬੜਾ ਵੈਰਾਗ ਆਉਂਦਾ ਹੈ। ਬਸ, ਇਹ ਸ਼ਰੀਰ ਇਵੇਂ ਛੱਡਣਾ ਹੈ, ਫਿਰ ਅਸੀਂ ਪਾਪ ਕਿਓਂ ਕਰੀਏ। ਪਾਪ ਕਰਦੇ - ਕਰਦੇ ਅਸੀਂ ਇਵੇਂ ਮਰ ਜਾਵਾਂਗੇ! ਇਵੇਂ ਖ਼ਿਆਲਾਤ ਆਉਂਦੇ ਹਨ। ਉਸ ਨੂੰ ਕਿਹਾ ਜਾਂਦਾ ਹੈ ਸ਼ਮਸ਼ਾਨੀ ਵੈਰਾਗ। ਸਮਝਦੇ ਵੀ ਹਨ ਜਾਕੇ ਦੂਜਾ ਸ਼ਰੀਰ ਲਵਾਂਗੇ। ਪਰੰਤੂ ਗਿਆਨ ਤਾਂ ਨਹੀਂ ਹੈ ਨਾ। ਇੱਥੇ ਤਾਂ ਤੁਸੀਂ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ, ਇਸ ਸਮੇਂ ਤੁਸੀਂ ਖਾਸ ਮਰਨ ਦੇ ਲਈ ਤਿਆਰੀ ਕਰ ਰਹੇ ਹੋ ਕਿਓਂਕਿ ਇੱਥੇ ਤਾਂ ਤੁਸੀਂ ਟੈਂਪਰੇਰੀ ਹੋ, ਪੁਰਾਣਾ ਸ਼ਰੀਰ ਛੱਡ ਫਿਰ ਨਵੀਂ ਦੁਨੀਆਂ ਵਿੱਚ ਜਾਵਾਂਗੇ।

ਬਾਪ ਕਹਿੰਦੇ ਹਨ - ਬੱਚੇ, ਜਿੰਨਾ ਤੁਸੀਂ ਮੈਨੂੰ ਯਾਦ ਕਰੋਗੇ ਉੰਨਾ ਪਾਪ ਕੱਟਦੇ ਜਾਣਗੇ। ਸਹਿਜ ਤੋਂ ਸਹਿਜ ਵੀ ਹੈ ਤਾਂ ਡਿਫਿਕਲਟ ਵੀ ਹੈ। ਬੱਚੇ ਜਦ ਪੁਰਸ਼ਾਰਥ ਕਰਨ ਲੱਗ ਪੈਂਦੇ ਹਨ ਤੱਦ ਸਮਝਦੇ ਹਨ ਮਾਇਆ ਦੀ ਬੜੀ ਯੁੱਧ ਹੈ। ਬਾਪ ਕਹਿੰਦੇ ਹਨ ਸਹਿਜ ਹੈ ਪਰ ਮਾਇਆ ਦੀਵਾ ਹੀ ਬੁਝਾ ਦਿੰਦੀ ਹੈ। ਗੁਲਬਕਾਵਲੀ ਦੀ ਕਹਾਣੀ ਵੀ ਹੈ ਨਾ। ਮਾਇਆ ਬਿੱਲੀ ਦੀਵਾ ਬੁਝਾ ਦਿੰਦੀ ਹੈ। ਇੱਥੇ ਸਭ ਮਾਇਆ ਦੇ ਗੁਲਾਮ ਹਨ ਫਿਰ ਤੁਸੀਂ ਮਾਇਆ ਨੂੰ ਗੁਲਾਮ ਬਣਾਉਂਦੇ ਹੋ। ਸਾਰੀ ਪ੍ਰਕ੍ਰਿਤੀ ਤੁਹਾਡੀ ਅਦਬ ਵਿੱਚ ਰਹਿੰਦੀ ਹੈ। ਕੋਈ ਤੂਫ਼ਾਨ ਨਹੀਂ, ਫੈਮਨ ਨਹੀਂ। ਪ੍ਰਕ੍ਰਿਤੀ ਨੂੰ ਗੁਲਾਮ ਬਣਾਉਣਾ ਹੈ। ਉਥੇ ਕਦੀ ਵੀ ਮਾਇਆ ਦਾ ਵਾਰ ਨਹੀਂ ਹੋਵੇਗਾ। ਹੁਣ ਤਾਂ ਕਿਨ੍ਹਾਂ ਤੰਗ ਕਰਦੀ ਹੈ। ਗਾਇਨ ਹੈ ਨਾ ਮੈਂ ਗੁਲਾਮ ਤੇਰਾ ... ਉਹ ਫਿਰ ਕਹਿੰਦੇ ਤੂੰ ਗੁਲਾਮ ਮੇਰਾ। ਬਾਪ ਕਹਿੰਦੇ ਹੁਣ ਮੈਂ ਤੁਹਾਨੂੰ ਗੁਲਾਮਪਣੇ ਤੋਂ ਛੁਡਾਉਣ ਲਈ ਆਇਆ ਹਾਂ। ਤੁਸੀਂ ਮਾਲਿਕ ਬਣ ਜਾਵੋਗੇ ਉਹ ਗੁਲਾਮ ਬਣ ਜਾਣਗੇ। ਜ਼ਰਾ ਵੀ ਚੁੰ - ਚਾਂ ਹੋਵੇਗੀ ਨਹੀਂ। ਇਹ ਵੀ ਡਰਾਮਾ ਵਿੱਚ ਨੂੰਧ ਹੈ। ਤੁਸੀਂ ਕਹਿੰਦੇ ਹੋ - ਬਾਬਾ, ਮਾਇਆ ਬੜਾ ਤੰਗ ਕਰਦੀ ਹੈ। ਸੋ ਕਿਓਂ ਨਹੀਂ ਕਰੇਗੀ। ਇਸ ਨੂੰ ਕਿਹਾ ਹੀ ਜਾਂਦਾ ਹੈ ਯੁੱਧ ਦਾ ਮੈਦਾਨ। ਮਾਇਆ ਨੂੰ ਗੁਲਾਮ ਬਣਾਉਣ ਦੇ ਲਈ ਤੁਸੀਂ ਕੋਸ਼ਿਸ਼ ਕਰਦੇ ਹੋ ਤਾਂ ਮਾਇਆ ਵੀ ਪਛਾੜਦੀ ਹੈ। ਕਿੰਨਾ ਤੰਗ ਕਰਦੀ ਹੈ। ਕਿੰਨੀਆਂ ਨੂੰ ਹਰਾਉਂਦੀ ਹੈ। ਕਈਆਂ ਨੂੰ ਇੱਕ ਦਮ ਖਾ ਜਾਂਦੀ ਹੈ, ਹਪ ਕਰ ਲੈਂਦੀ ਹੈ। ਭਾਵੇਂ ਸ੍ਵਰਗ ਦਾ ਮਾਲਿਕ ਬਣਦੇ ਹਨ ਪਰ ਮਾਇਆ ਤਾਂ ਖਾਂਦੀ ਰਹਿੰਦੀ ਹੈ। ਉਨ੍ਹਾਂ ਦੇ ਜਿਵੇਂ ਪੇਟ ਵਿੱਚ ਪਏ ਹਨ। ਸਿਰਫ ਪੁੱਛੜੀ ਨਿਕਲਦੀ ਹੈ ਬਾਕੀ ਸਾਰਾ ਉਨ੍ਹਾਂ ਦੇ ਅੰਦਰ ਹੈ, ਜਿਸ ਨੂੰ ਦੁਬਨ (ਦਲਦਲ) ਵੀ ਕਹਿੰਦੇ ਹਨ। ਕਿੰਨੇ ਬੱਚੇ ਦੁਬਨ ਵਿੱਚ ਪਏ ਹੋਏ ਹਨ। ਜਰਾ ਵੀ ਯਾਦ ਨਹੀਂ ਕਰ ਸਕਦੇ ਹਨ ਜਿਵੇਂ ਕਛੂਏ ਦਾ, ਭ੍ਰਮਰੀ ਦਾ ਮਿਸਾਲ ਹੈ, ਇਵੇਂ ਤੁਸੀਂ ਵੀ ਕੀੜਿਆਂ ਨੂੰ ਭੂੰ - ਭੂੰ ਕਰ ਕੀ ਤੋਂ ਕੀ ਬਣਾ ਸਕਦੇ ਹੋ। ਇੱਕ ਦਮ ਸ੍ਵਰਗ ਦਾ ਪਰੀਜ਼ਾਦਾ। ਸੰਨਿਆਸੀ ਭਾਵੇਂ ਭ੍ਰਮਰੀ ਦਾ ਮਿਸਾਲ ਦਿੰਦੇ ਹਨ ਪਰ ਉਹ ਕੋਈ ਭੂੰ - ਭੂੰ ਕਰ ਬਦਲਦੇ ਥੋੜ੍ਹੀ ਹਨ। ਬਦਲੀ ਹੁੰਦੀ ਹੈ ਸੰਗਮ ਤੇ। ਹੁਣ ਇਹ ਹੈ ਸੰਗਮਯੁਗ। ਤੁਸੀਂ ਸ਼ੂਦਰ ਤੋਂ ਬ੍ਰਾਹਮਣ ਬਣੇ ਹੋ ਤਾਂ ਜੋ ਵਿਕਾਰੀ ਮਨੁੱਖ ਹਨ ਉਨ੍ਹਾਂ ਨੂੰ ਤੁਸੀਂ ਲੈ ਆਉਂਦੇ ਹੋ। ਕੀੜੇ ਵਿੱਚ ਵੀ ਕੋਈ ਭ੍ਰਮਰੀ ਬਣ ਜਾਂਦੇ ਹਨ , ਕੋਈ ਸੜ ਜਾਂਦੇ ਹਨ, ਤਾਂ ਕਈ ਫਿਰ ਅਧੂਰੇ ਰਹਿ ਜਾਂਦੇ ਹਨ। ਬਾਬਾ ਨੇ ਇਹ ਬਹੁਤ ਵੇਖੇ ਹਨ। ਇਥੇ ਵੀ ਕਈ ਚੰਗੀ ਰੀਤੀ ਪੜ੍ਹਦੇ ਹਨ, ਗਿਆਨ ਦੇ ਪੰਖ ਜੱਮ ਜਾਂਦੇ ਹਨ। ਕੋਈ ਨੂੰ ਅੱਧ ਵਿੱਚ ਹੀ ਮਾਇਆ ਫੜ ਲੈਂਦੀ ਹੈ ਤਾਂ ਕੱਚੇ ਹੀ ਰਹਿ ਜਾਂਦੇ ਹਨ। ਤਾਂ ਇਹ ਮਿਸਾਲ ਵੀ ਹੁਣ ਦੀ ਹੈ। ਵੰਡਰ ਹੈ ਨਾ - ਭ੍ਰਮਰੀ ਕੀੜੇ ਨੂੰ ਲੈ ਆਉਂਦੀ ਆਪ ਸਮਾਨ ਬਣਾਏ। ਇਹ ਇੱਕ ਹੀ ਹੈ ਜੋ ਆਪ ਸਮਾਨ ਬਣਾਉਂਦੇ ਹਨ। ਦੂਜਾ ਸੱਪ ਦਾ ਮਿਸਾਲ ਦਿੰਦੇ ਹਨ। ਸਤਿਯੁਗ ਵਿੱਚ ਬਸ ਇੱਕ ਖਾਲ ਛੱਡ ਦੂਜੀ ਲੈ ਲੈਂਦੇ ਹਨ। ਝੱਟ ਸਾਕ੍ਸ਼ਤਕਾਰ ਹੁੰਦਾ ਹੈ ਹੁਣ ਸ਼ਰੀਰ ਛੱਡਣ ਵਾਲੇ ਹਨ। ਆਤਮਾ ਨਿਕਲ ਦੂਜੇ ਗਰਭ ਮਹਿਲ ਵਿੱਚ ਬੈਠਦੀ ਹੈ। ਇਹ ਵੀ ਇੱਕ ਮਿਸਾਲ ਦਿੰਦੇ ਹਨ ਗਰਭ ਮਹਿਲ ਵਿੱਚ ਬੈਠਾ ਸੀ, ਉਨ੍ਹਾਂ ਨੂੰ ਬਾਹਰ ਨਿਕਲਣ ਦੀ ਦਿਲ ਨਹੀਂ ਹੁੰਦੀ ਸੀ। ਫਿਰ ਵੀ ਬਾਹਰ ਆਉਣਾ ਤਾਂ ਹੈ ਹੀ ਜਰੂਰ। ਹੁਣ ਤੁਸੀਂ ਬੱਚੇ ਹੋ ਸੰਗਮਯੁਗ ਤੇ। ਗਿਆਨ ਤੋਂ ਇਵੇਂ ਪੁਰਸ਼ੋਤਮ ਬਣਦੇ ਹੋ। ਭਗਤੀ ਤਾਂ ਜਨਮ - ਜਨਮਾਂਤਰ ਕੀਤੀ। ਤਾਂ ਜਿਨ੍ਹਾਂਨੇ ਜਾਸਤੀ ਭਗਤੀ ਕੀਤੀ ਹੈ, ਉਹ ਹੀ ਆਕੇ ਨੰਬਰਵਾਰ ਪੁਰਸ਼ਾਰਥ ਅਨੁਸਾਰ ਪਦ ਪਾਉਣਗੇ। ਹੁਣ ਤੁਹਾਡੀ ਬੁੱਧੀ ਵਿੱਚ ਸਾਰਾ ਗਿਆਨ ਹੈ। ਬਾਕੀ ਸ਼ਾਸਤਰਾਂ ਦਾ ਗਿਆਨ ਕੋਈ ਗਿਆਨ ਨਹੀਂ ਹੈ। ਉਹ ਤਾਂ ਹੈ ਭਗਤੀ, ਉਸ ਤੋਂ ਕੋਈ ਸਦਗਤੀ ਨਹੀਂ ਹੁੰਦੀ ਹੈ। ਸਦਗਤੀ ਮਾਨਾ ਵਾਪਿਸ ਘਰ ਜਾਣਾ। ਘਰ ਵਿੱਚ ਕੋਈ ਜਾਂਦਾ ਨਹੀਂ। ਬਾਪ ਖੁਦ ਕਹਿੰਦੇ ਹਨ ਮੇਰੇ ਨਾਲ ਕੋਈ ਮਿਲਦਾ ਨਹੀਂ। ਪੜ੍ਹਾਉਣ ਵਾਲਾ, ਨਾਲ ਲੈ

ਜਾਣ ਵਾਲਾ ਵੀ ਚਾਹੀਦਾ ਹੈ ਨਾ। ਬਾਪ ਨੂੰ ਕਿੰਨਾ ਖਿਆਲ ਰਹਿੰਦਾ ਹੈ। 5 ਹਜ਼ਾਰ ਵਰ੍ਹੇ ਵਿੱਚ ਬਾਪ ਇੱਕ ਹੀ ਵਾਰ ਆਕੇ ਪੜ੍ਹਾਉਂਦੇ। ਤੁਸੀਂ ਘੜੀ - ਘੜੀ ਭੁੱਲ ਜਾਂਦੇ ਹੋ ਕਿ ਅਸੀਂ ਆਤਮਾ ਹਾਂ। ਇਹ ਇੱਕ ਦਮ ਪੱਕਾ ਕਰ ਲੋ - ਅਸੀਂ ਆਤਮਾਵਾਂ ਨੂੰ ਬਾਪ ਪੜ੍ਹਾਉਣ ਆਏ ਹਨ। ਇਸ ਨੂੰ ਕਿਹਾ ਜਾਂਦਾ ਹੈ ਸਪ੍ਰਿਚੂਅਲ ਨਾਲੇਜ। ਸੁਪਰੀਮ ਰੂਹ ਅਸੀਂ ਰੂਹਾਂ ਨੂੰ ਨਾਲੇਜ ਦਿੰਦੇ ਹਨ। ਸੰਸਕਾਰ ਵੀ ਆਤਮਾ ਵਿੱਚ ਰਹਿੰਦੇ ਹਨ। ਸ਼ਰੀਰ ਤਾਂ ਖਤਮ ਹੋ ਜਾਂਦਾ ਹੈ। ਆਤਮਾ ਅਵਿਨਾਸ਼ੀ ਹੈ।

ਤਾਂ ਇਹ ਬ੍ਰਹਮਾ ਦੀ ਭ੍ਰਿਕੁਟੀ ਹੈ ਸਤਿਗੁਰੂ ਦਾ ਦਰਬਾਰ। ਇਹ ਇਸ ਆਤਮਾ ਦਾ ਵੀ ਦਰਬਾਰ ਹੈ। ਫਿਰ ਸਤਿਗੁਰੂ ਨੇ ਵੀ ਆਕੇ ਇਨ੍ਹਾਂ ਵਿੱਚ ਪ੍ਰਵੇਸ਼ ਕੀਤਾ ਹੈ, ਇਸ ਨੂੰ ਰਥ ਵੀ ਕਹਿੰਦੇ ਹਨ, ਦਰਬਾਰ ਵੀ ਕਹਿੰਦੇ ਹਨ। ਤੁਸੀਂ ਬੱਚੇ ਸ੍ਵਰਗ ਦੇ ਗੇਟ ਖੋਲ ਰਹੇ ਹੋ ਸ਼੍ਰੀਮਤ ਤੇ। ਜਿੰਨਾ ਚੰਗੀ ਰੀਤੀ ਪੜ੍ਹੋਗੇ ਉਹਨਾ ਸਤਿਯੁਗ ਵਿੱਚ ਉੱਚ ਪਦ ਪਾਓਗੇ। ਤਾਂ ਪੜ੍ਹਨਾ ਚਾਹੀਦਾ ਹੈ। ਟੀਚਰ ਦੇ ਬੱਚੇ ਤਾਂ ਬਹੁਤ ਹੁਸ਼ਿਆਰ ਹੁੰਦੇ ਹਨ। ਪਰ ਕਹਿੰਦੇ ਹਨ ਨਾ ਘਰ ਦੀ ਗੰਗਾ ਦਾ ਰਿਗਾਰ੍ਡ ਨਹੀਂ। ਬਾਬਾ ਦਾ ਵੇਖਿਆ ਹੋਇਆ ਹੈ - ਸਾਰੇ ਸ਼ਹਿਰ ਦਾ ਕਿਚੜ ਗੰਗਾ ਵਿੱਚ ਪੈਂਦਾ ਹੈ, ਫਿਰ ਉਨ੍ਹਾਂ ਨੂੰ ਪਤਿਤ - ਪਾਵਨੀ ਕਹਿਣਗੇ? ਮਨੁੱਖਾਂ ਦੀ ਬੁੱਧੀ ਵੇਖੋ ਕਿਵੇਂ ਦੀ ਹੋ ਗਈ ਹੈ। ਦੇਵੀਆਂ ਨੂੰ ਸਜਾ ਕੇ ਪੂਜਾ ਆਦਿ ਕਰ ਫਿਰ ਡੁੱਬੋ ਦਿੰਦੇ ਹਨ। ਕ੍ਰਿਸ਼ਨ ਨੂੰ ਵੀ ਡੁਬੋ ਦਿੰਦੇ ਹਨ। ਸੋ ਵੀ ਬਹੁਤ ਬੇਇਜ਼ਤੀ ਨਾਲ ਡੁਬਾਉਂਦੇ ਹਨ। ਬੰਗਾਲ ਦੇ ਵੱਲ ਡੁਬਾਉਂਦੇ ਹਨ ਤਾਂ ਉਪਰ ਵਿਚ ਪੈਰ ਰੱਖਕੇ ਡੁਬਾਉਂਦੇ ਹਨ। ਬੰਗਾਲ ਵਿੱਚ ਪਹਿਲੇ ਰਿਵਾਜ ਸੀ ਕਿਸੇ ਦੇ ਪ੍ਰਾਣ ਨਿਕਲਣ ਤੇ ਹੁੰਦਾ ਸੀ ਤਾਂ ਉਨ੍ਹਾਂ ਨੂੰ ਝੱਟ ਗੰਗਾ ਤੇ ਲੈ ਜਾਂਦੇ ਸੀ। ਉੱਥੇ ਪਾਣੀ ਵਿੱਚ ਪਾ ਹਰੀ ਬੋਲ, ਹਰੀ ਬੋਲ ਕਰ ਮੁੱਖ ਵਿੱਚ ਪਾਣੀ ਪਾਉਂਦੇ ਰਹਿੰਦੇ ਸੀ, ਇਵੇਂ ਪ੍ਰਾਣ ਨਿਕਾਲ ਦਿੰਦੇ ਸੀ, ਵੰਡਰ ਹੈ ਨਾ। ਹੁਣ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਚੜ੍ਹਾਈ ਉਤਰਾਈ ਦਾ ਪੂਰਾ ਗਿਆਨ ਹੈ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਜੋ ਸੁਣਾਉਂਦੇ ਹਨ, ਉਹ ਹੀ ਸੁਣਨਾ ਹੈ ਅਤੇ ਜੱਜ ਕਰਨਾ ਹੈ ਕਿ ਰਾਈਟ ਕੀ ਹੈ। ਰਾਈਟ ਨੂੰ ਹੀ ਯਾਦ ਕਰਨਾ ਹੈ। ਅਨਰਾਇਟੀਯਸ ਗੱਲ ਨੂੰ ਨਹੀਂ ਸੁਣਨਾ ਹੈ, ਨਾ ਬੋਲਣਾ ਹੈ, ਨਾ ਵੇਖਣਾ ਹੈ।

2. ਪੜ੍ਹਾਈ ਚੰਗੀ ਰੀਤੀ ਪੜ੍ਹ ਕੇ ਆਪਣੇ ਨੂੰ ਰਾਜਿਆਂ ਦਾ ਰਾਜਾ ਬਣਾਉਣਾ ਹੈ। ਇਸ ਪੁਰਾਣੇ ਸ਼ਰੀਰ ਅਤੇ ਪੁਰਾਣੀ ਦੁਨੀਆਂ ਵਿੱਚ ਆਪਣੇ ਨੂੰ ਟੈਂਪਰੇਰੀ ਸਮਝਣਾ ਹੈ।

ਵਰਦਾਨ:- ਇਕਾਗਰਤਾ ਦੀ ਸ਼ਕਤੀ ਨਾਲ ਪਰਵਸ਼ ਸਥਿਤੀ ਨੂੰ ਪਰਿਵਰਤਨ ਕਰਨ ਵਾਲੇ ਅਧਿਕਾਰੀ ਭਵ

ਹਮਣ ਮਤਲਬ ਅਧਿਕਾਰੀ ਆਤਮਾ ਕਦੀ ਕਿਸੇ ਦੇ ਪਰਵਸ਼ ਨਹੀਂ ਹੋ ਸਕਦੀ। ਆਪਣੇ ਕਮਜ਼ੋਰ ਸੁਭਾਵ ਸੰਸਕਾਰ ਦੇ ਵਸ਼ ਵੀ ਨਹੀਂ ਕਿਉਂਕਿ ਮਤਲਬ ਖੁਦ ਪ੍ਰਤੀ ਅਤੇ ਸਰਵ ਦੇ ਪ੍ਰਤੀ ਆਤਮਿਕ ਭਾਵ ਹੈ ਤਾਂ ਕਮਜ਼ੋਰ ਸੁਭਾਵ ਦੇ ਵਸ਼ ਨਹੀਂ ਹੋ ਸਕਦੇ ਅਤੇ ਅਨਾਦਿ ਆਦਿ ਸੰਸਕਾਰਾਂ ਦੀ ਸਮ੍ਰਿਤੀ ਨਾਲ ਕਮਜ਼ੋਰ ਸੰਸਕਾਰ ਵੀ ਸਹਿਜ ਪਰਿਵਰਤਨ ਹੋ ਜਾਂਦੇ ਹਨ। ਇਕਾਗਰਤਾ ਦੀ ਸ਼ਕਤੀ ਪਰਵਸ਼ ਸਥਿਤੀ ਨੂੰ ਪਰਿਵਰਤਨ ਕਰ ਮਾਲਿਕਪਨ ਦੀ ਸ਼ਥਿਤੀ ਨੂੰ ਸੀਟ ਤੇ ਸੈਟ ਕਰ ਦਿੰਦੀ ਹੈ।

ਸਲੋਗਨ:- ਕ੍ਰੋਧ ਗਿਆਨੀ ਤੂੰ ਆਤਮਾ ਦੇ ਲਈ ਮਹਾਸ਼ਤਰੂ ਹੈ।

******